**ਹੌਲਿਨ ਬੈਂਕ (Hollin Bank) ਵਿੱਚ ਤੁਹਾਡਾ ਸੁਆਗਤ ਹੈ**

**ਨੈਸ਼ਨਲ ਪਾਰਕ ਅਥਾਰਟੀ ਦੇ ਸਟੈਨੇਜ-ਨੋਰਥ ਲੀਸ ਐਸਟੇਟ (Stanage-North Lees Estate) ਦਾ ਹਿੱਸਾ**

**ਬੇਹੱਦ ਧਿਆਨ ਰੱਖਣਾ**

ਬਸੰਤ ਰੁੱਤ (spring) ਅਤੇ ਗਰਮੀਆਂ (summers) ਦੇ ਦੌਰਾਨ ਕੈਂਪਸਾਈਟ ‘ਤੇ ਜੰਗਲ ਵਿਚਕਾਰ ਸੈਰ ਕਰਦੇ ਸਮੇਂ ਪੇੜਾਂ ਦੇ ਆਸੇ-ਪਾਸੇ ਮਿਲ ਸਕਦੇ 200 ਜਾਂ ਇਸ ਤੋਂ ਵੀ ਵੱਧ ਘੌਸਲਿਆਂ ਵੱਲ ਧਿਆਨ ਦਿਓ।

ਇਹ ਸਿਰਫ ਰਿਹਾਇਸ਼ੀ ਪੰਛੀਆਂ ਲਈ ਆਪਣਾ ਪਿਆਰਾ ਘਰ ਹੀ ਨਹੀਂ ਹਨ, ਸਗੋਂ ਗਰਮੀਆਂ ਵਿੱਚ ਆਉਣ ਵਾਲੇ ਪ੍ਰਵਾਸੀ ਪੰਛੀਆਂ ਦਾ ਘਰ ਵੀ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ ਫਲਾਈਕੈਚਰ (flycatcher) ਅਤੇ ਰੈੱਡਸਟਾਰਟ (redstart)।

ਹਾਲਾਂਕਿ ਕਈ ਸਾਰੇ ਪੀਕ ਡਿਸਟ੍ਰਿਕਟ ਜੰਗਲਾਂ (ਅਤੇ ਪੁਰਾਣੀਆਂ ਇਮਾਰਤਾਂ ਵੀ) ਵਿੱਚ ਹਾਲੇ ਵੀ ਕੁਝ ਕੁਦਰਤੀ ਘੌਸਲੇ ਮਿਲ ਜਾਣਗੇ, ਪਰ ਅਸੀਂ ਵਧੀਕ ਘੌਸਲੇ-ਨੁਮਾ ਬਕਸਿਆਂ ਰਾਹੀਂ ਅਜਿਹੀਆਂ ਕਿਸਮਾਂ ਲਈ ਪ੍ਰਜਨਨ ਦੇ ਮੌਕੇ ਵਧਾ ਸਕਦੇ ਹਾਂ, ਜੋ ਕਈ ਮੀਲਾਂ ਦੀ ਦੂਰੀ ਤੈਅ ਕਰਕੇ ਇੱਥੇ ਆਉਂਦੇ ਹਨ!

ਵਲੰਟੀਅਰ ਹਰ ਸਾਲ ਇੱਕ ਖ਼ਾਸ ਲਾਇਸੰਸ ਦੇ ਤਹਿਤ ਰੰਗ-ਬਿਰੰਗੇ ਫਲਾਈਕੈਚਰਾਂ (flycatcher) ਅਤੇ ਹੋਰਨਾਂ ਪੰਛੀਆਂ ਦੀ ਜਾਂਚ ਕਰਦੇ ਹਨ ਅਤੇ ਇਹਨਾਂ ਪੰਛੀਆਂ ਦੀ ਪ੍ਰਗਤੀ ‘ਤੇ ਨਜ਼ਰ ਰੱਖਦੇ ਹਨ ਅਤੇ ਇਹ ਵੀ ਦੇਖਦੇ ਹਨ ਕਿ ਇਹ ਬਕਸੇ ਕਿਨ੍ਹਾਂ ਸਕਾਰਾਤਮਕ ਅਸਰ ਲਿਆ ਸਕਦੇ ਹਨ।

**ਭਵਿੱਖ ਦੀਆਂ ਜੜਾਂ**

UK ਦੇ ਵੱਖ-ਵੱਖ ਇਲਾਕਿਆਂ ਵਾਂਗ ਹੀ, ਐਸਟੇਟ ਉੱਪਰ ਵੀ ਜੰਗਲੀ ਬਿਮਾਰੀਆਂ ਦਾ ਕਾਫੀ ਮਾੜਾ ਅਸਰ ਪਿਆ ਹੈ, ਇਹਨਾਂ ਵਿੱਚ ਸ਼ਾਮਲ ਹਨ, ਐਸ਼ ਡਾਈਬੈਕ (Ash Dieback) ਅਤੇ ਲਾਰਕ ਰੋਗ (Larch Disease)।

ਇਸ ਸਮੱਸਿਆ ਦਾ ਹੱਲ ਕੱਢਣ ਵਿੱਚ ਮਦਦ ਦੇ ਰੂਪ ਵਿੱਚ ਪੇੜਾਂ ਦੀ ਜ਼ਰੂਰੀ ਕਟਾਈ ਸ਼ਾਮਲ ਹੈ, ਪਰ ਇਸ ਨਾਲ ਕਟਾਈ ਦੇ ਬਾਅਦ ‘ਕੁਦਰਤੀ ਮੁੜ-ਨਿਰਮਾਣ’ (‘natural regeneration’) ਅਤੇ ਨਵੇਂ ਬੂਟੇ ਲਗਾਉਣ ਦਾ ਵੀ ਮੌਕਾ ਮਿਲਦਾ ਹੈ।

ਨੈਸ਼ਨਲ ਪਾਰਕ ਦੇ ਕਰਮਚਾਰੀ, ਵਲੰਟੀਅਰ, ਨੌਜਵਾਨ ਲੋਕ ਅਤੇ ਕਾਰੋਬਾਰ ਸਭ ਮਿਲਕੇ ਐਸਟੇਟ ਵਿੱਚ ਮੂਲ, ਚੌੜੇ ਪੱਤੇ ਵਾਲੇ ਪੇੜਾਂ ਦੀਆਂ ਕਿਸਮਾਂ ਦੀ ਗਿਣਤੀ ਮੁੜ ਵਧਾਉਣ ਦੇ ਜਤਨਾਂ ਵਿੱਚ ਸਾਥ ਦੇ ਰਹੇ ਹਨ, ਜਿਨ੍ਹਾਂ ਦੀ ਮਦਦ ਨਾਲ ਗਮਰੀਆਂ ਦੇ ਦਿਨਾਂ ਵਿੱਚ ਆਉਣ ਵਾਲੇ ਪ੍ਰਵਾਸੀ ਪੰਛੀਆਂ ਅਤੇ ਹੋਰਨਾਂ ਜੰਗਲੀ ਜੀਵ-ਜੰਤੂਆਂ ਲਈ ਘਰ ਅਤੇ ਖਾਣ-ਪੀਣ ਵਾਲੀਆਂ ਥਾਵਾਂ ਉਪਲਬਧ ਕਰਵਾਈਆਂ ਜਾ ਸਕਣਗੀਆਂ।